# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162




## ਸੁਖਮੰਦਰ ਸਿੰਘ ਗਿੱਲ ਬਣੇ ਪੀ.ਆਰ.ਟੀ.ਸੀ.ਯੂਨੀਅਨ ਆਜ਼ਾਦ ਦੇ ਪ੍ਰਧਾਨ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਫ਼ਰੀਦਕੋਟ 22 ਨਵੰਬਰ : ਪੀਆਰਟੀਸੀ ਕੰਟ: ਵਰਕਰਜ਼ ਯੂਨੀਅਨ ਆਜ਼ਾਦ ਫਰੀਦਕੋਟ ਡੀਪੂ ਦੀ ਜਥੇਬੰਦੀ ਦੀ ਸਲਾਨਾ ਇਜਲਾਸ ਕਰਕੇ ਚੋਣ ਕੀਤੀ ਗਈ। ਜਿਸ ਵਿੱਚ ਜਥੇਬੰਦੀ ਦੀ ਸੀਨੀਅਰ ਲੀਡਰਸ਼ਿਪ ਤੋਂ ਇਲਾਵਾ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਜਿਲ੍ਹੇ ਦੀ ਸੀਨੀਅਰ ਲੀਡਰਸ਼ਿਪ ਸ਼ਾਮਿਲ ਹੋਈ। ਚੋਣ ਦੌਰਾਨ ਸੁਖਮੰਦਰ ਸਿੰਘ ਗਿੱਲ ਨੂੰ ਸਰਬ ਸੰਮਤੀ ਨਾਲ ਫਰੀਦਕੋਟ ਡੀਪੂ ਦਾ ਪ੍ਰਧਾਨ ਚੁਣਿਆ ਗਿਆ ਅਤੇ ਸਿਮਰਜੀਤ ਸਿੰਘ ਬਰਾੜ ਨੂੰ ਜਥੇਬੰਦੀ ਦਾ ਸਟੇਟ ਕਮੇਟੀ ਆਗੂ ਚੁਣਿਆ ਗਿਆ। ਇਸ ਸਮੇਂ ਸਿਮਰਜੀਤ ਸਿੰਘ ਬਰਾੜ ਵੱਲੋਂ ਰਸਮੀ ਤੌਰ ਤੇ ਪੁਰਾਣੀ ਕਮੇਟੀ ਭੰਗ ਕਰਕੇ ਨਵੀਂ ਕਮੇਟੀ ਦਾ ਪੈਨਲ ਪੇਸ਼ ਕੀਤਾ ਗਿਆ। ਜਿਸ ਨੂੰ ਸਾਰੇ ਸਾਥੀਆਂ ਨੇ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ ਗਈ। ਇਸ ਮੌਕੇ ਡੀਪੂ ਦੀ 31 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿੱਚ ਚਮਕੌਰ ਸਿੰਘ ਸਰਪਰਸਤ,ਸੁਰਿੰਦਰ ਸਿੰਘ ਚੇਅਰਮੈਨ ,ਰਣਜੀਤ ਸਿੰਘ



ਰਾਣਾ ਜਰਨਲ ਸਕੱਤਰ,ਕੁਲਦੀਪ ਸਿੰਘ ਤਰਮਾਲਾ ਹੈਡ ਕੈਸ਼ੀਅਰ, ਹਰਦੀਪ ਸਿੰਘ ਜੁਆਇੰਟ ਜਰਨਲ ਸਕੱਤਰ, ਬੂਟਾ ਸਿੰਘ ਕੋਟਭਾਈ ਜੁਆਇੰਟ ਕੈਸ਼ੀਅਰ,ਗੁਰਪ੍ਰੀਤ ਸਿੰਘ ਮਲੂਕਾ ਸਹਾਇਕ ਕੈਸ਼ੀਅਰ,ਬਲਵਿੰਦਰ ਸਿੰਘ ਵਾਈਸ ਚੇਅਰਮੈਨ, ਗੁਰਤੇਜ ਸਿੰਘ ਖਹਿਰਾ ਮੁੱਖ ਬੁਲਾਰਾ, ਤਰਸੇਮ ਸਿੰਘ ਇੰਸਪੈਕਟਰ ਮੁੱਖ ਸਲਾਹਕਾਰ,ਦਲਜੀਤ ਸਿੰਘ ਖਾਰਾ ਦਲਵਿੰਦਰ ਸਿੰਘ ਮਾਹਲਾ ਮੁੱਖ ਸਲਾਹਕਾਰ,ਗੁਰਵਿੰਦਰ ਸਿੰਘ ਸੋਨੀ,ਤਰਸੇਮ ਸਿੰਘ, ਸੁਖਚੈਨ ਸਿੰਘ ਬਰਾੜ,ਗੁਰਜੀਤ ਸਿੰਘ ਜੀਤੀ, ਰਾਜਵੀਰ ਸਿੰਘ ਰਾਜਾ ਕਰਮਵਾਰ ਸੀਨੀਅਰ ਮੀਤ ਪ੍ਰਧਾਨ, ਜਸਵੰਤ ਸਿੰਘ,ਤਰਸੇਮ ਸਿੰਘ ਘੁੰਮਣ,ਜਸਪਾਲ ਸਿੰਘ, ਗੁਰਹਿਤਕਾਰ ਸਿੰਘ, ਹਰਮੇਲ ਸਿੰਘ ਕਰਮਵਰ ਮੀਤ ਪ੍ਰਧਾਨ,ਪਵਨਪ੍ਰੀਤ ਸਿੰਘ ਗੋਲਡੀ ਪ੍ਰੈੱਸ ਸਕੱਤਰ ,ਹਰਜੀਤ ਸਿੰਘ ਅਤੇ ਗੁਰਪਿਆਸ ਸਿੰਘ ਕਰਮਵਾਰ ਜੁਆਇੰਟ ਪ੍ਰੈਸ ਸਕੱਤਰ,ਸਤਨਾਮ ਸਿੰਘ ਪ੍ਰਚਾਰ ਸਕੱਤਰ, ਬਖਸ਼ੀਸ਼ ਸਿੰਘ ਬਾਬਾ ਜੁਆਇੰਟ ਪ੍ਰਚਾਰ ਸਕੱਤਰ, ਪਰਸ਼ੋਤਮ ਸ਼ਰਮਾ ਅਤੇ ਰਮਨਦੀਪ ਕੁਮਾਰ ਸਹਾਇਕ ਪ੍ਰਚਾਰ ਸਕੱਤਰ,ਮਲਕੀਤ ਸਿੰਘ, ਅਜਮੇਰ ਸਿੰਘ ਮਾਸਟਰ,ਜਸਪ੍ਰੀਤ ਸਿੰਘ ਨੂੰ ਸੀਨੀਅਰ ਕਮੇਟੀ ਮੈਂਬਰ ਚੁਣਿਆ ਗਿਆ।ਇਸ ਸਮੇਂ ਬੋਲਦਿਆਂ ਪੰਜਾਬ ਮੰਡੀ ਬੋਰਡ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਵੀਰਇੰਦਰ ਜੀਤ ਸਿੰਘ ਪੁਰੀ ਅਤੇ ਫੈਡਰੇਸ਼ਨ ਦੇ ਸਟੇਟ ਕਮੇਟੀ ਆਗੂ ਜਤਿੰਦਰ ਕੁਮਾਰ ਨੇ ਚੁਣੀ ਗਈ ਟੀਮ ਨੂੰ ਵਧਾਈ ਦਿੱਤੀ ਅਤੇ ਮਿਲੀਆਂ ਜੁੰਮੇਵਾਰੀਆਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ ਅਤੇ ਜਥੇਬੰਦੀ ਨੂੰ ਹਰ ਤਰ੍ਹਾਂ ਦੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।ਇਸ ਇਜਲਾਸ ਦੌਰਾਨ ਵੱਖ ਵੱਖ ਜਥੇਬੰਦੀਆਂ ਨੂੰ ਅਲਵਿਦਾ ਆਖ ਕੇ ਅਜ਼ਾਦ ਜਥੇਬੰਦੀ ਵਿੱਚ ਸ਼ਾਮਿਲ ਹੋਏ ਸਾਥੀ ਸ੍ਰੀ ਤਰਸੇਮ ਸਿੰਘ ਇੰਸਪੈਕਟਰ,ਵਿਕਰਮ ਸਿੰਘ ਕੰਡਕਟਰ ,ਗੁਰਚਰਨ ਸਿੰਘ ਡਰਾਈਵਰ, ਸਤਨਾਮ ਸਿੰਘ ਕੰਡਕਟਰ ਅਤੇ ਸੁਖਵਿੰਦਰ ਸਿੰਘ ਡਰਾਈਵਰ ਆਜ਼ਾਦ ਜਥੇਬੰਦੀ ਵਿੱਚ ਸ਼ਾਮਿਲ ਹੋਏ।ਜਿਨਾਂ ਦਾ ਜਥੇਬੰਦੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਸਿਰੋਪੇ ਪਾ ਕੇ ਅਤੇ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ ਅਤੇ ਜਥੇਬੰਦੀ ਵਿੱਚ ਪੂਰਾ ਬਣਦਾ ਮਾਣ ਸਨਮਾਨ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਸਮੇਂ ਭਰਾਤਰੀ ਜਥੇਬੰਦੀਆਂ ਤੋਂ ਅਜੀਤ ਸਿੰਘ ਖਾਲਸਾ ਜ਼ਿਲਾ ਕੈਸ਼ੀਅਰ ਫੈਡਰੇਸ਼ਨ, ਸੂਰਤ ਸਿੰਘ ਮਾਹਲਾ ਸੀਨੀਅਰ ਆਗੂ, ਸੁਖਮੰਦਰ ਸਿੰਘ ਢਿੱਲਵਾਂ ਸੀਨੀਅਰ ਆਗੂ ਮਾਰਕੀਟ ਕਮੇਟੀ ਯੂਨੀਅਨ ਕੋਟਕਪੂਰਾ,ਪ੍ਰਦੀਪ ਕੁਮਾਰ (ਕਾਊ) ਪ੍ਰਧਾਨ ,ਹਰੀ ਦਾਸ ਸਫਾਈ ਸੇਵਕ ਯੂਨੀਅਨ ਫਰੀਦਕੋਟ,ਸੁਸ਼ੀਲ ਕੁਮਾਰ ਪ੍ਰਧਾਨ ਸਫਾਈ ਸੇਵਕ ਯੂਨੀਅਨ ਕੋਟਕਪੂਰਾ,ਕ੍ਰਿਸ਼ਨ ਕੁਮਾਰ ਗੁਗਨੀ ਸੀਨੀਅਰ ਆਗੂ ਸਫਾਈ ਸੇਵਕ ਯੂਨੀਅਨ ਕੋਟਕਪੂਰਾ, ਤੇਜਵੰਤ ਸਿੰਘ ਮੰਘੇੜਾ ਜਿਲਾ ਪ੍ਰਧਾਨ ਪੀ.ਡਬਲਯੂ.ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਫਰੀਦਕੋਟ, ਤਰਲੋਕ ਸਿੰਘ ਸਿਵਲ ਹਸਪਤਾਲ ਆਗੂ,ਹਰਪ੍ਰੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਪੁਰਾਣੀ ਪੈਨਸ਼ਨ ਕਮੇਟੀ,ਦਲਜੀਤ ਸਿੰਘ ਗੁਰਇਕਬਾਲ ਸਿੰਘ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਆਗੂ ਤੋਂ ਇਲਾਵਾ ਵੱਡੀ ਗਿਣਤੀ ਦੇ ਵਿੱਚ ਵਰਕਰ ਸਾਥੀ ਮੌਜੂਦ ਸਨ।

## ਸੱਤਵੀਂ ਵਿਦਿਆਰਥੀ ਚੇਤਨਾ ਪ੍ਰੀਖਿਆ ਦਾ ਸੂਬਾਈ ਸਨਮਾਨ ਸਮਾਗਮ 23 ਨਵੰਬਰ ਨੂੰ ਬਰਨਾਲਾ ਵਿਖੇ -ਤਰਕਸ਼ੀਲ

### ਇਸ ਸਮਾਗਮ ਵਿੱਚ ਬਚਪਨ ਇੰਗਲਿਸ਼ ਸਕੂਲ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਵਾਨੀ ਤੇ ਚੰਗੀ ਕਾਰਗੁਜ਼ਾਰੀ ਲਈ ਇਕਾਈ ਸੰਗਰੂਰ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ -ਮਾਸਟਰ ਪਰਮਵੇਦ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਸੰਗਰੂਰ 22 ਨਵੰਬਰ : ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਗ਼ਦਰ ਲਹਿਰ ਦੀ ਨਾਇਕਾ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਪੰਜਾਬ ਵਿੱਚ ਮੋਹਰੀ ਰਹਿਣ ਵਾਲੇ ਵਿਦਿਆਰਥੀਆਂ ਦਾ ਸੂਬਾਈ ਸਨਮਾਨ ਸਮਾਗਮ 23 ਨਵੰਬਰ ਐਤਵਾਰ ਨੂੰ ਤਰਕਸ਼ੀਲ ਭਵਨ,ਬਰਨਾਲਾ ਵਿਖੇ ਸਵੇਰੇ 11 ਵਜੇ ਹੋਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਇਕਾਈ ਸੰਗਰੂਰ ਦੇ ਤਰਕਸ਼ੀਲ ਆਗੂਆਂ ਮਾਸਟਰ ਪਰਮਵੇਦ,ਸੀਤਾ ਰਾਮ ਬਾਲਦ ਕਲਾਂ, ਸੁਰਿੰਦਰ ਪਾਲ, ਗੁਰਦੀਪ ਸਿੰਘ ਲਹਿਰਾ, ਲੈਕਚਰਾਰ ਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਛੇਵੀਂ ਤੋਂ ਬਾਰ੍ਹਵੀਂ ਤੇ ਅਪਰ ਸੈਕੰਡਰੀ ਜਮਾਤਾਂ ਵਿੱਚ ਸੂਬਾਈ ਮੈਰਿਟ ਵਿੱਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ,ਯਾਦਗਾਰੀ ਚਿੰਨ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।


ਇਸ ਮੌਕੇ ਸਮਾਗਮ ਦੇ ਮੁੱਖ ਮਹਿਮਾਨ ਅਤੇ ਉੱਘੇ ਸਾਹਿਤਕਾਰ ਗੁਰਮੀਤ ਕੜਿਆਲਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਨਗੇ।

ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਇਸ ਮੌਕੇ ਚੇਤਨਾ ਪ੍ਰੀਖਿਆ ਵਿੱਚ ਉੱਤਮ ਕਾਰਗੁਜ਼ਾਰੀ ਵਿਖਾਉਣ ਤੇ ਤਰਕਸ਼ੀਲ ਇਕਾਈ ਸੰਗਰੂਰ ਨੂੰ ਤੇ ਸਥਾਨਕ ਇਕਾਈ ਦੀ ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਵਾਨੀ ਨੂੰ ਸੂਬੇ ਵਿੱਚ ਤੀਜਾ ਸਥਾਨ ਪ੍ਰਾਪਤ ਕਰਨ ਕਰਕੇ ਸਨਮਾਨਿਤ ਕੀਤਾ ਜਾਵੇਗਾ।

ਤਰਕਸ਼ੀਲ ਸੁਸਾਇਟੀ ਵੱਲੋਂ ਵਿਦਿਆਰਥੀ ਚੇਤਨਾ ਪ੍ਰੀਖਿਆ ਨਾਲ ਸੰਬੰਧਿਤ ਸਮੂਹ ਸਕੂਲ ਮੁਖੀਆਂ,ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ,ਸਮੂਹ ਤਰਕਸ਼ੀਲ ਇਕਾਈਆਂ ਅਤੇ ਜੋਨ ਮੁਖੀਆਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦਾ ਵਿਸ਼ੇਸ਼ ਸੱਦਾ ਦਿੱਤਾ ਹੈ।

## 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 350 ਕਿਲੋਮੀਟਰ ਸਾਈਕਲ ਚਲਾਉਣ ਦਾ ਟੀਚਾ ਉਲੀਕਿਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 22 ਨਵੰਬਰ : ਸ਼੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਦਿਹਾੜੇ ਪੂਰੇ ਭਾਰਤ ਅਤੇ ਪੰਜਾਬ ਪੱਧਰ ’ਤੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ, ਉਹਨਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕੋਟਕਪੂਰਾ ਸਾਈਕਲ ਰਾਇਡਰ ਦੀ ਟੀਮ ਦੇ ਮੈਂਬਰਾਂ ਵੱਲੋਂ ਸ਼ਹੀਦੀ ਦਿਹਾੜੇ ਮੌਕੇ 350 ਕਿਲੋਮੀਟਰ ਸਾਈਕਲ ਚਲਾਉਣ ਦਾ ਪੋਸਟਰ ਅੱਜ ਰਿਲੀਜ਼ ਕੀਤਾ ਗਿਆ। ਇਸ ਮੌਕੇ ਕਲੱਬ ਦੇ ਮੈਂਬਰ ਗੁਰਪ੍ਰੀਤ ਸਿੰਘ ਕਮੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੀਮ ਦੇ ਮੈਂਬਰਾਂ ਵੱਲੋਂ ਦਸ ਦਿਨਾਂ ਵਿੱਚ ਮਿਤੀ 25 ਨਵੰਬਰ ਤੱਕ ਉਪਰੋਕਤ ਟੀਚਾ ਪੂਰਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ, ਜੋ ਵੀ ਮੈਂਬਰ ਇਸ ਟੀਚੇ ਨੂੰ ਸਫਲਤਾਪੂਰਵਕ ਪੂਰਾ ਕਰਨਗੇ, ਉਨ੍ਹਾਂ ਮੈਂਬਰਾਂ ਨੂੰ ਸਰਟੀਫ਼ਿਕੇਟ ਨਾਲ ਸਨਮਾਨਿਤ ਕੀਤਾ ਜਾਵੇਗਾ, ਇਸ ਮੌਕੇ ਉਪਰੋਕਤ ਤੋਂ ਇਲਾਵਾ ਡਾ. ਕੁਲਦੀਪ ਧੀਰ, ਗੁਰਦੀਪ ਸਿੰਘ ਕਲੇਰ, ਰਜੇਸ਼ ਮੋਂਗਾ, ਜਰਨੈਲ ਸਿੰਘ, ਅਰਵਿੰਦ ਲੱਕੀ ਮਨਜਿੰਦਰ ਸਿੰਘ ਅਤੇ ਰਜਤ ਕਟਾਰੀਆ ਆਦਿ ਹਾਜ਼ਰ ਸਨ।

## ਡਾ. ਕੋਚਰ ਨੂੰ ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ




ਚੰਡੀਗੜ੍ਹ, 22 ਨੰਵਬਰ : ਕੌਮਾਂਤਰੀ ਕਲਾਕਾਰ ਸੰਗਮ (ਰਜਿ.) ਪੰਜਾਬ ਅਤੇ ਅਦਾਰਾ ਕਲਾਕਾਰ ਸਾਹਿਤਕ ਵੱਲੋਂ ਪੰਜਾਬੀ ਸਾਹਿਤ ਸਭਾ (ਰਜਿ.) ਅਤੇ ਮਾਲਵਾ ਸਾਹਿਤ ਸਭਾ(ਰਜਿ.) ਦੇ ਸਹਿਯੋਗ ਨਾਲ ਕਲਾਕਾਰ ਭਵਨ ਵਿਖੇ “ਕਰਨਲ ਭੱਠਲ ਸਾਹਿਤਕ ਪੁਰਸਕਾਰ ਅਤੇ ਸਨਮਾਨ ਸਮਾਰੋਹ” ਕਰਵਾਇਆ ਗਿਆ।ਇਸ ਸ਼ਾਨਦਾਰ ਸਮਾਗਮ ਵਿੱਚ ਸਿੱਖਿਆ,ਸਾਹਿਤ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਨਿਰੰਤਰ ਸੇਵਾਵਾਂ ਦੇ ਰਹੀ ਪੰਜਾਬੀ ਦੀ ਸਮਰੱਥ ਤੇ ਪ੍ਰਸਿੱਧ ਗ਼ਜ਼ਲਗੋ ਡਾ.ਗੁਰਚਰਨ ਕੌਰ ਕੋਚਰ ਨੂੰ ਪ੍ਰਧਾਨਗੀ ਮੰਡਲ ਤੇ ਪ੍ਰਬੰਧਕਾਂ ਵਲੋਂ “ਕਰਨਲ ਭੱਠਲ ਕਲਾਕਾਰ ਸਾਹਿਤਕ ਪੁਰਸਕਾਰ” ਨਾਲ ਸਨਮਾਨਿਤ ਕੀਤਾ ਗਿਆ। ਇਸ ਪੁਰਸਕਾਰ ਵਿੱਚ ਉਨ੍ਹਾਂ ਨੂੰ 21,000/ਰੁਪਏ ਦਾ ਚੈੱਕ, ਇੱਕ ਸੁੰਦਰ ਦੁਸ਼ਾਲਾ, ਸ਼ੋਭਾ ਪੱਤਰ ਅਤੇ ਕਿਤਾਬਾਂ ਦਾ ਇੱਕ ਸੈਟ ਪ੍ਰਦਾਨ ਕੀਤਾ ਗਿਆ। ਡਾ.ਕੋਚਰ ਅੰਤਰਰਾਸ਼ਟਰੀ ਪੱਧਰ ਤੱਕ



ਆਪਣੀ ਨਵੇਕਲੀ ਪਛਾਣ ਬਣਾ ਚੁੱਕੇ ਹਨ। ਉਨ੍ਹਾਂ ਨੇ ਜਿੱਥੇ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਸਰਕਾਰ ਤੋਂ ‘ਰਾਜ ਪੁਰਸਕਾਰ’ ਅਤੇ ਭਾਰਤ ਸਰਕਾਰ ਤੋਂ ‘ਕੌਮੀ ਪੁਰਸਕਾਰ’ ਹਾਸਲ ਕੀਤਾ ਹੈ ਉੱਥੇ ਉਹਨਾਂ ਨੂੰ ‘ਲਾਈਫ਼ ਟਾਈਮ ਐਜੂਕੇਸ਼ਨ ਅਚੀਵਮੈਂਟ ਅਵਾਰਡ’ ਵੀ ਹਾਸਲ ਹੋ ਚੁੱਕਿਆ ਹੈ।ਸਾਹਿਤ ਅਤੇ ਸਮਾਜ ਦੇ ਖੇਤਰ ਵਿੱਚ ਉਹ ਹੁਣ ਤੱਕ 77 ਵੱਕਾਰੀ ਪੁਰਸਕਾਰ ਅਤੇ ਹਜ਼ਾਰ ਤੋਂ ਵੱਧ ਵਿਸ਼ੇਸ਼ ਸਨਮਾਨ ਹਾਸਲ ਕਰ ਚੁੱਕੇ ਹਨ।ਉਹ ਹੁਣ ਤੱਕ 17 ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਪਾ ਚੁੱਕੇ ਹਨ ਅਤੇ ਅਠਾਰਵੀਂ ਕਿਤਾਬ ਜਲਦੀ ਹੀ ਪਾਠਕਾਂ ਦੇ ਹੱਥਾਂ ਵਿਚ ਹੋਵੇਗੀ। ਸਾਢੇ ਅੱਠ ਦਰਜਨ ਸਾਂਝੇ ਕਾਵਿ ਸੰਗ੍ਰਹਿਆਂ ਵਿਚ ਉਨ੍ਹਾਂ ਦੀਆਂ ਰਚਨਾਵਾਂ ਸ਼ਾਮਿਲ ਹਨ। ਉਨ੍ਹਾਂ ਦੀਆਂ ਰਚਨਾਵਾਂ ਸਿਲੇਬਸ ਵਿੱਚ ਵੀ ਸ਼ਾਮਿਲ ਹਨ।ਡਾ.ਕੋਚਰ ਨੇ ਕਈ ਦਰਜਨ ਪੁਸਤਕਾਂ ਦੇ ਮੁੱਖ-ਬੰਧ ਲਿਖੇ ਹਨ, ਰੀਵਿਊ ਕੀਤੇ ਹਨ , ਸਮੇਂ ਸਮੇਂ ਗੋਸ਼ਟੀਆਂ ਵਿੱਚ ਪੇਪਰ ਅਤੇ ਸੈਮੀਨਾਰਾਂ ਵਿੱਚ ਖੋਜ ਪੇਪਰ ਪੜ੍ਹੇ ਹਨ। ਇਹ ਪ੍ਰਕਿਰਿਆ ਅਜੇ ਵੀ ਜਾਰੀ ਹੈ। ਉਹ ਭਾਰਤ ਦੀ ਪ੍ਰਮੁੱਖ ਸੰਸਥਾ ਇੰਡਕ ਆਰਟਸ ਵੈਲਫ਼ੇਅਰ ਕੌਂਸਲ ਦੇ ਸਟੇਟ ਐਡਵਾਈਜ਼ਰੀ ਬੋਰਡ ਦੇ ਮੈਂਬਰ ਹਨ। ਉਹ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਉਪ ਪ੍ਰਧਾਨ ਹਨ। ਉਹ ਹੋਰ ਵੀ ਬਹੁਤ ਸਾਰੀਆਂ ਸਹਿਤ ਸਭਾਵਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਬਤੌਰ ਚੇਅਰਮੈਨ,ਪ੍ਰਧਾਨ, ਸੀਨੀਅਰ ਉਪ ਪ੍ਰਧਾਨ,ਪੰਜਾਬੀ ਮਾਂ ਬੋਲੀ ਦੇ ਪ੍ਰਚਾਰ, ਪਾਸਾਰ ਅਤੇ ਪ੍ਰਫੁੱਲਤਾ ਲਈ ਨਿਰੰਤਰ ਯਤਨਸ਼ੀਲ ਹਨ। ਉਹ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਉਨ੍ਹਾਂ ਨਾਲ ਕੀਤੀ ਗਈ ਗੱਲਬਾਤ ਦੌਰਾਨ ਉਹਨਾਂ ਨੇ ਦੱਸਿਆ ਕਿ ਇਹ ਵੱਕਾਰੀ ਪੁਰਸਕਾਰ ਪ੍ਰਾਪਤ ਕਰਕੇ ਮੈਨੂੰ ਬਹੁਤ ਹੀ ਖ਼ੁਸ਼ੀ ਤੇ ਮਾਣ ਮਹਿਸੂਸ ਹੋਇਆ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਪੁਰਸਕਾਰ ਨਾਲ ਜਿਥੇ ਮੇਰੀ ਕਲਮ, ਮੇਰੇ ਅਹਿਸਾਸਾਂ ਅਤੇ ਮੇਰੇ ਸਾਹਿਤਕ ਸਫ਼ਰ ਨੂੰ ਸਨਮਾਨ ਮਿਲਿਆ ਹੈ ਉੱਥੇ ਮੈਂ ਪੰਜਾਬੀ ਗ਼ਜ਼ਲ ਨੂੰ ਅਤੇ ਸਮੁੱਚੇ ਸਾਹਿਤ ਨੂੰ ਵੀ ਸਨਮਾਨਿਤ ਹੋਇਆ ਮਹਿਸੂਸ ਕੀਤਾ ਹੈ। ਇਸ ਪੁਰਸਕਾਰ ਨਾਲ ਮੇਰੀ ਜ਼ਿੰਮੇਂਵਾਰੀ ਹੋਰ ਵੀ ਵੱਧ ਗਈ ਹੈ ਕਿ ਪੰਜਾਬੀ ਮਾਂ ਬੋਲੀ ਦੇ ਚੰਗੇਰੇ ਭਵਿੱਖ ਲਈ ਮੈਂ ਹੋਰ ਵੀ ਸੁਹਿਰਦਤਾ ਨਾਲ ਵੱਧ ਤੋਂ ਵੱਧ ਉਪਰਾਲੇ ਕਰਦੀ ਰਹਾਂ।

## ਦਸਮੇਸ਼ ਮਿਸ਼ਨ ਸਕੂਲ ਹਰੀ ਨੌ ਵੱਲੋਂ ਵਿੱਦਿਅਕ ਟੂਰ ਆਯੋਜਿਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 22 ਨਵੰਬਰ : ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀਨੌਂ ਵੱਲੋਂ ਹਰ ਸਾਲ ਦੀ ਤਰ੍ਹਾਂ ਛੇਵੀਂ ਤੋਂ ਨੌਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਦਾਵਿੱਦਿਅਕ ਟੂਰ ਹਰਿਮੰਦਰ ਸਾਹਿਬ ਅਤੇ ਸਾਡਾ ਪਿੰਡ (ਅੰਮ੍ਰਿਤਸਰ) ਵਿਖੇ ਕਰਵਾਇਆ ਗਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ/ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਸ਼੍ਰੀਮਤੀ ਸੋਮਾ ਦੇਵੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਦੀ ਅਗਵਾਈ ਆਗੂ ਬਾਂਸਲ, ਰਵਨੀਤ ਕੌਰ, ਕਮਲਜੀਤ ਕੌਰ ਅਤੇ ਰਿਤੂ ਵੱਲੋਂ ਕੀਤੀ ਗਈ। ਸਭ ਤੋਂ ਪਹਿਲਾਂ ਵੀ ਵਿਦਿਆਰਥੀਆਂ ਨੂੰ ਹਰਿਮੰਦਰ ਸਾਹਿਬ (ਸ਼੍ਰੀ ਅੰਮ੍ਰਿਤਸਰ ਸਾਹਿਬ) ਦੇ ਦਰਸ਼ਨ ਕਰਵਾਏ ਗਏ। ਇਸ ਤੋ ਬਾਅਦ ਵਿਦਿਆਰਥੀਆਂ ਨੂੰ ਸਾਡਾ ਪਿੰਡ ਨਾਂਅ ਦੇ ਸਥਾਨ ਜੋ ਅੰਮ੍ਰਿਤਸਰ ਸਾਹਿਬ ਤੋਂ ਥੋੜ੍ਹੀ ਦੂਰੀ ’ਤੇ ਸਥਿੱਤ ਹੈ, ਲਿਜਾਇਆ ਗਿਆ। ਇੱਥੇ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਅਤੇ ਪੰਜਾਬ ਦੇ ਪਿੰਡਾਂ ਦੇ ਵਿਰਸੇ ਨਾਲ ਸਬੰਧਤ ਚੀਜ਼ਾਂ ਦਿਖਾਈਆਂ ਗਈਆਂ ਅਤੇ ਉਹਨਾਂ ਬਾਰੇ ਰੌਚਕ ਜਾਣਕਾਰੀ ਦਿੱਤੀ ਗਈ। ਜਿਹੜੀਆਂ ਵਸਤੂਆਂ ਜਾਂ ਪੇਂਡੂ ਕੰਮਕਾਜ ਅਜੋਕੇ ਸਮੇਂ ਵਿੱਚ ਅਲੋਪ ਹੋ ਰਹੇ ਹਨ, ਉਹਨਾਂ ਬਾਰੇ ਵਿਦਿਆਰਥੀ ਨੂੰ ਮਹੱਤਵਪੂਰਨ ਜਾਣਕਾਰੀ ਦਿੱਤੀ। ਇਹੋ ਜਿਹੇ ਵਿੱਦਿਅਕ ਦੂਰ ਕਾਰਨ ਵਿਦਿਆਰਥੀਆਂ ਦਾ ਸਰਵ-ਪੱਖੀ ਵਿਕਾਸ ਹੁੰਦਾ ਹੈ।

## ਗੁਰਤੇਜ ਸਿੰਘ ਖੋਸਾ ਨੇ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ ਵਜੋਂ ਅਹੁਦਾ ਸੰਭਾਲਿਆ

### ਪਾਰਟੀ ਵੱਲੋਂ ਸੌਂਪੀ ਗਈ ਜਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਇਆ ਜਾਵੇਗਾ : ਖੋਸਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 22 ਨਵੰਬਰ : ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਦੀ ਮੌਜੂਦਗੀ ਵਿੱਚ ਸ.ਗੁਰਤੇਜ ਸਿੰਘ ਖੋਸਾ ਨੇ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ ਵਜੋਂ ਆਪਣਾ ਅਹੁਦਾ ਸੰਭਾਲਿਆ। ਸਮੁੱਚੀ ਲੀਡਰਸ਼ਿਪ ਨੇ ਨਵ- ਨਿਯੁਕਤ ਚੇਅਰਮੈਨ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਹਲਕਾ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਅਤੇ ਵਿਧਾਇਕ ਜੈਤੋ ਅਮੋਲਕ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਚੇਅਰਮੈਨ ਗੁਰਤੇਜ ਸਿੰਘ ਖੋਸਾ ਨੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਮੁਨੀਸ਼ ਸਿਸੋਦੀਆ ਇੰਚਾਰਜ ਪੰਜਾਬ, ਅਮਨ ਅਰੋੜਾ ਸੂਬਾ ਪ੍ਰਧਾਨ ਪੰਜਾਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਉਨ੍ਹਾਂ ਨੂੰ ਜੋ ਜਿੰਮੇਵਾਰੀ ਸੌਂਪੀ ਹੈ, ਉਹ ਇਸ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਲੋਕਹਿੱਤ ਕਾਰਜਾਂ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹੇ ਅੰਦਰ ਜ਼ਿਲ੍ਹਾ ਪਲਾਨਿੰਗ ਕਮੇਟੀ ਰਾਹੀ ਵੱਡੇ ਪ੍ਰੋਜੈਕਟ ਲਿਆ ਕੇ ਜਿਲ੍ਹੇ ਦੇ ਵਿਕਾਸ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣਗੇ ਅਤੇ ਸਮੁੱਚੀ ਪਾਰਟੀ ਦੀ ਲੀਡਰਸ਼ਿਪ ਦੇ ਸਹਿਯੋਗ ਨਾਲ ਵਿਕਾਸ ਕਾਰਜਾਂ ਨੂੰ ਕਰਵਾਉਣਗੇ। ਉਨ੍ਹਾਂ ਯਕੀਨ ਦਿਵਾਇਆ ਕਿ ਉਹ ਇਸ ਜ਼ਿੰਮੇਵਾਰੀ ਨੂੰ ਇਮਾਨਦਾਰੀ, ਤਨਦੇਹੀ ਅਤੇ ਸਮਰਪਣ ਨਾਲ ਨਿਭਾਉਣਗੇ। ਜ਼ਿਲ੍ਹੇ ਦੀ ਤਰੱਕੀ, ਵਿਕਾਸ ਉਪਰਾਲਿਆਂ ਅਤੇ ਆਮ ਲੋਕਾਂ ਦੀ ਹਿੱਤਕਾਰੀ ਯੋਜਨਾਵਾਂ ਤੇ ਪੂਰਾ ਧਿਆਨ ਕੇਂਦਰਿਤ ਕੀਤਾ ਜਾਵੇਗਾ। ਉਨ੍ਹਾਂ ਕਿ ਸਫਲਤਾ ਪਾਰਟੀ ਦੇ ਸਾਰੇ ਵਲੰਟੀਅਰਾਂ ਅਤੇ ਆਪਣੇ ਸਮਰਥਕਾਂ ਨੂੰ ਸਮਰਪਿਤ ਕੀਤੀ।

ਇਸ ਮੌਕੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਨਵ-ਨਿਯੁਕਤ ਚੇਅਰਮੈਨ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਹਰ ਵਰਕਰ ਦੇ ਨਾਲ ਖੜ੍ਹੀ ਹੈ ਅਤੇ ਸਰਕਾਰ ਤੁਹਾਡੀ ਆਪਣੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਛੱਡੀ ਜਾਵੇਗੀ ਅਤੇ ਜੋ ਵੀ ਕੰਮ ਸ਼ਹਿਰ ਦੇ ਵਿਕਾਸ ਲਈ ਕਰਵਾਏ ਜਾ ਰਹੇ ਹਨ ਉਨ੍ਹਾਂ ਨੂੰ ਨਿਯਮਾਂ ਅਧੀਨ ਟੈਂਡਰ ਪ੍ਰਕ੍ਰਿਆ ਰਾਹੀਂ ਸਮੇਂ ਸਿਰ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਵਿਧਾਇਕ ਜੈਤੋ ਸ. ਅਮੋਲਕ ਸਿੰਘ ਨੇ ਨਵ-ਨਿਯੁਕਤ ਚੇਅਰਮੈਨ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਲੋਕ ਪੱਖੀ ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਰਹੀ ਹੈ। ਇਸ ਮੌਕੇ ਨਵਜੋਤ ਸਿੰਘ ਜਰਗ ਜੁਆਇੰਟ ਸੈਕਟਰੀ ਪੰਜਾਬ ਆਮ ਆਦਮੀ ਪਾਰਟੀ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਸਾਧੂ ਸਿੰਘ, ਸੁਖਜੀਤ ਸਿੰਘ ਢਿੱਲਵਾਂ, ਮਨਪ੍ਰੀਤ ਸਿੰਘ ਮਨੀ ਧਾਲੀਵਾਲ, ਗੁਰਪ੍ਰੀਤ ਸਿੰਘ ਗੈਰੀ ਵੜਿੰਗ, ਸੰਦੀਪ ਸਿੰਘ ਕੰਮੇਆਣਾ, ਪਰਵਿੰਦਰ ਸਿੰਘ,

## ਹਿੰਦ ਦੀ ਚਾਦਰ- ਗੁਰੂ ਤੇਗ ਬਹਾਦਰ



ਵਰਲਡ ਪੰਜਾਬੀ ਟਾਈਮਜ਼
ਸ: ਧਰਮਿੰਦਰ ਸਿੰਘ

ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ
ਜਦ ਜੋਤੀ ਜੋਤ ਸਮਾਏ,
ਬਾਬਾ ਬਕਾਲਾ ਉਚਾਰ ਕੇ ਮੁੱਖ ਤੋਂ
ਉਨਾਂ ਆਖਰੀ ਸ਼ਬਦ ਸੁਣਾਏ।
ਸੰਗਤ ਸਾਰੀ ਨੇ ਪਾ ਲਏ ਚਾਲੇ
ਬਾਬਾ ਬਕਾਲਾ ਵੱਲ ਨੂੰ,
ਮਨ ਵਿੱਚ ਸੀ ਸ਼ਰਧਾ ਪੂਰੀ
ਸੁਣ ਕੇ ਗੁਰਾਂ ਦੀ ਗੱਲ ਨੂੰ।
ਬਾਈ ਮੰਜੀਆਂ ਲਾ ਕੇ ਦੰਭੀ
ਗੁਰਗੱਦੀ ਦੇ ਬਣ ਗਏ ਦਾਅਵੇਦਾਰ,
ਸੰਗਤ ਸਾਰੀ ਕਰੇ ਅਰਜੋਈ
ਰਾਹ ਦਿਖਾਵੇ ਆਪ ਕਰਤਾਰ।
ਮੱਖਣ ਸਾਹ ਨੇ ਜਦ ਟੇਕਿਆ ਮੱਥਾ
ਪੰਜ ਪੰਜ ਮੋਹਰਾਂ ਧਰ ਕੇ,
ਦਸਵੰਧ ਦੀ ਗੱਲ ਕਿਸੇ ਨਾ ਆਖੀ
ਜਦ ਦੇਖੀ ਪਰਖ ਕਰ ਕੇ।
ਪਿੰਡ ਦੇ ਲੋਕਾਂ ਦੱਸਿਆ ਗੁਰੂ ਇੱਕ
ਭੋਰੇ ਵਿੱਚ ਬੈਠਾ ਭਗਤੀ ਕਰਦਾ,
ਸੱਚੀ ਭਗਤੀ ਮਾਰਗ ਸੱਚ ਦਾ
ਦੁਨੀਆਦਾਰੀ ਦੀ ਪਰਵਾਹ ਨਾ ਕਰਦਾ।
ਮੱਖਣ ਸ਼ਾਹ ਨੇ ਜਾ ਕੇ ਚਰਨੀ
ਜਦ ਆਪਣਾ ਸੀਸ ਝੁਕਾਇਆ,
ਪੰਜ ਮੋਹਰਾਂ ਦੇ ਨਾਲ ਗੁਰਾਂ ਨੇ
ਦਸਵੰਧ ਦਾ ਵਾਸਤਾ ਪਾਇਆ।
ਮੱਖਣ ਸ਼ਾਹ ਦੀ ਹੋ ਗਈ ਤਸੱਲੀ
ਗੁਰਾਂ ਦੇ ਅੱਗੇ ਖੜ੍ਹ ਕੇ,
ਗੁਰੂ ਲਾਧੋ ਰੇ ਦਾ ਦਿੱਤਾ ਹੋਕਾ
ਕੋਠੇ ਉੱਤੇ ਚੜ੍ਹ ਕੇ।
ਨੌਵੇਂ ਪਾਤਸ਼ਾਹ ਗੱਦੀ ਤੇ ਬੈਠੇ
ਆਪਣਾ ਦਰਬਾਰ ਸਜਾ ਕੇ,
ਬਾਲ ਗੋਬਿੰਦ ਪਏ ਦੇਣ ਸਲਾਹਾਂ
ਪੂਰਾ ਧਿਆਨ ਲਗਾ ਕੇ।
ਕਸ਼ਮੀਰੀ ਪੰਡਿਤ ਪੇਸ਼ ਹੋਏ
ਗੁਰਾਂ ਅੱਗੇ ਫਰਿਆਦੀ ਬਣ ਕੇ,
ਔਰੰਗਜ਼ੇਬ ਨੇ ਜ਼ੁਲਮ ਹੈ ਢਾਹਿਆ
ਸਭ ਪਾਸੇ ਜਲਾਦੀ ਬਣ ਕੇ।
ਧਰਮ ਦੀ ਖ਼ਾਤਰ ਕੋਈ ਦੇਵੇ ਕੁਰਬਾਨੀ
ਹੱਥ ਜੋੜ ਕੀਤੀ ਅਰਜੋਈ,
ਬਾਲ ਗੋਬਿੰਦ ਪੁਕਾਰੇ ਮੁਖ ਤੋਂ
ਆਪ ਤੋਂ ਵੱਡਾ ਮਹਾਂਪੁਰਸ਼ ਨਾ ਕੋਈ।
ਸ਼ਬਦ ਗੁਰਾਂ ਦੇ ਸੁਣ ਕੇ ਮੁੱਖ ਤੋਂ
ਕੁਰਬਾਨੀ ਲਈ ਆਪ ਹੋਏ ਤਿਆਰ,
ਜ਼ੁਲਮਾਂ ਨੂੰ ਫਿਰ ਠੱਲ ਹੈ ਪੈਣੀ
ਧਰਮ ਵੀ ਰਹਿਣਾ ਬਰਕਰਾਰ।
ਭਾਈ ਸਤੀ ਦਾਸ,ਭਾਈ ਮਤੀ ਦਾਸ
ਤੇ ਤੀਜੇ ਗੁਰਸਿੱਖ ਭਾਈ ਦਿਆਲਾ,
ਨੌਵੇਂ ਗੁਰਾਂ ਨਾਲ ਮਿਲ ਕੇ ਸਭ ਨੇ
ਦਿੱਲੀ ਵੱਲ ਨੂੰ ਪਾ ਦਿੱਤਾ ਚਾਲਾ,
ਧਰਮ ਦੀ ਰੱਖਿਆ ਖ਼ਾਤਰ ਉਹਨਾਂ
ਚਾਂਦਨੀ ਚੌਂਕ ਵਿੱਚ ਦਿੱਤੀ ਕੁਰਬਾਨੀ,
ਕੁੱਲ ਦੁਨੀਆ ਦੇ ਇਤਿਹਾਸ 'ਚ ਧਰਮਿੰਦਰਾ
ਇਸ ਵਰਗੀ ਨਾ ਸ਼ਹਾਦਤ ਲਾਸਾਨੀ
ਇਸ ਵਰਗੀ ਨਾ ਸ਼ਹਾਦਤ ਲਾਸਾਨੀ।

## ਧੰਨ ਧੰਨ ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ।

ਤਿਲੁਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨੁ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨ ਉਚਰੀ ॥



ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਕੌਰ ਨਕੋਦਰ

ਗੱਲ ਓਸ ਵੇਲੇ ਦੀ ਹੈ ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਹਿੰਦੂ ਧਰਮ ਤੇ ਜ਼ੁਲਮ ਕਰਨ ਲੱਗਿਆ । ਇਸਲਾਮ ਧਰਮ ਕਬੂਲ ਕਰਵਾਉਣ ਲਈ ਜਬਰੀ ਹਿੰਦੂਆਂ ਦੇ ਜਨੇਊ ਲਾਹ ਲਾਹ ਸੁੱਟਣ ਲੱਗਿਆ ਅਤੇ ਮੁਸਲਿਮ ਬਣਾਉਣ ਲੱਗਿਆ। ਉਸ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ ਆਪਣੀ ਫਰਿਆਦ ਲੈ ਕੇ ਗੁਰੂ ਸਾਹਿਬ ਦੇ ਦਰਬਾਰ ਵਿੱਚ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਉੱਤੇ ਆਏ।
ਮਜਬੂਰ ਤੇ ਮਜ਼ਲੂਮ ਕਸ਼ਮੀਰੀ ਪੰਡਿਤਾਂ ਨੇ ਗੁਰੂ ਸਾਹਿਬ ਨੂੰ ਫਰਿਆਦ ਕੀਤੀ ਕਿ ਸਾਡਾ ਹਿੰਦੂ ਧਰਮ ਖਤਰੇ ਵਿੱਚ ਹੈ, ਆਪ ਜੀ ਸਾਡੀ ਰੱਖਿਆ ਕਰੋ।
ਮਜ਼ਲੂਮਾਂ ਦੇ ਸਹਾਰੇ, ਮਨੁੱਖੀ ਹੱਕਾਂ ਦੇ ਰਾਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਰ ਧਰਮ ਦੀ ਖਾਤਰ ਆਪਣਾ ਸੀਸ ਦੇਣ ਦਾ ਫ਼ੈਸਲਾ ਕੀਤਾ ਸੀ।
ਬਾਲ ਗੋਬਿੰਦ ਰਾਏ ਜੀ ਨੇ ਖੁਦ ਆਪਣੇ ਪਿਤਾ ਜੀ ਨੂੰ ਹਿੰਦੂ ਧਰਮ ਦੀ ਰਾਖੀ ਲਈ ਤੋਰਿਆ ਸੀ।
ਕੈਸੀ ਅਣਖ ਦੀ ਗੁੜ੍ਹਤੀ ਸੀ ਤੇਗ ਬਹਾਦਰ ਜੀ ਦੇ ਖੂਨ ਅੰਦਰ ਕਿ ਨੌਂ ਵਰ੍ਹਿਆਂ ਦੇ ਮਾਸੂਮ ਗੋਬਿੰਦ ਜੀ ਦੀਆਂ ਰਗਾਂ ਵਿੱਚ ਵਹਿੰਦਾ ਖੂਨ ਸਬਰ, ਸਿਦਕ ਤੇ ਸੰਜਮ ਦੇ ਐਸੇ ਉਬਾਲੇ ਮਾਰਦਾ ਹੈ ਕਿ ਆਪ ਆਪਣੇ ਪਿਤਾ ਪਿਆਰੇ ਨੂੰ ਸੀਸ ਦਾ ਬਲਿਦਾਨ ਦੇਣ ਲਈ ਪ੍ਰੇਰਦਾ ਹੈ।
ਗੁਰੂ ਤੇਗ ਬਹਾਦਰ ਜੀ ਫਖਰ ਨਾਲ ਗੁਰਗੱਦੀ ਬਾਲ ਗੋਬਿੰਦ ਜੀ ਦੇ ਹਵਾਲੇ ਸੌਂਪ ਉਸੇ ਵੇਲੇ ਦਿੱਲੀ ਵੱਲ ਨੂੰ ਤੁਰ ਪਏ ਅਤੇ ਜਾ ਦਿੱਲੀ ਚਾਂਦਨੀ ਚੌਂਕ ਵਿਖੇ ਸ਼ਹਾਦਤ ਦਿੱਤੀ।
ਗੁਰੂ ਸਾਹਿਬ ਨੇ ਆਪਣਾ ਸੀਸ ਵਾਰ ਕੇ ਹਿੰਦੂ ਧਰਮ ਨੂੰ ਫਾਨੀ ਹੋਣ ਤੋਂ ਬਚਾ ਲਿਆ।
ਉਸ ਵੇਲੇ ਜਬਰ ਜੁਲਮ ਕਰਨ ਵਾਲਾ ਇੱਕ ਤਸਬੀ ਫੇਰਨ ਵਾਲਾ ਸੀ ਤੇ ਜਬਰ ਜੁਲਮ ਸਹਿਣ ਵਾਲਾ ਜਨੇਊ ਧਾਰੀ ਸੀ।
ਜੇਕਰ ਕਿਸੇ ਹਿੰਦੂ ਦੀ ਥਾਂ ਮੁਸਲਮਾਨ ਫਰਿਆਦੀ ਹੁੰਦੇ ਤੇ ਤੱਖਤ ਤੇ ਬੈਠਾ ਕਾਫ਼ਰ ਕੋਈ ਹਿੰਦੂ ਹੁੰਦਾ ਤਾਂ ਵੀ ਗੁਰੂ ਸਾਹਿਬ ਮੁਸਲਿਮ ਧਰਮ ਦੀ ਰਾਖੀ ਲਈ ਅੱਗੇ ਆਉਂਦੇ। ਕਿਉਂਕਿ ਗੁਰੂ ਸਾਹਿਬ ਜਾਤੀ ਧਰਮ ਦੇ ਖਿਲਾਫ ਨਹੀਂ ਸਨ ਸਗੋਂ ਜਬਰ ਤੇ ਜ਼ੁਲਮ ਦੇ ਖ਼ਿਲਾਫ਼ ਸਨ।
ਜੇਕਰ ਉਹ ਜ਼ੁਲਮ ਔਰੰਗਜ਼ੇਬ ਦੇ ਰੂਪ ਵਿੱਚ ਤੱਖਤ ਤੇ ਬੈਠਾ ਇੱਕ ਮੁਸਲਮਾਨ ਕਰ ਰਿਹਾ ਸੀ ਤਾਂ ਗੁਰੂ ਸਾਹਿਬ ਨੇ ਉਸ ਦਾ ਵਿਰੋਧ ਕੀਤਾ ਸੀ। ਉਹੀ ਜ਼ੁਲਮ ਜੇ ਕੋਈ ਹਿੰਦੂ ਕਿਸੇ ਮੁਸਲਮਾਨ ਤੇ ਕਰਦਾ ਤਾਂ ਵੀ ਗੁਰੂ ਸਾਹਿਬ ਜਬਰ ਜੁਲਮ ਦੇ ਵਿਰੋਧ ਵਿੱਚ ਦੀਨ ਦੁਖੀਆਂ ਦੇ ਹੱਕਾਂ ਲਈ ਅੱਗੇ ਆਉਂਦੇ।
" ਬਾਂਹ ਜਿੰਨਾ ਦੀ ਪਕੜੀਏ,
ਸਿਰ ਦੀਜੇ ਬਾਂਹ ਨਾ ਛੋੜੀਏ"
ਸਾਨੂੰ ਫਖਰ ਹੈ ਕਿ ਗੁਰੂ ਸਾਹਿਬ ਨੇ ਵੱਖਰੇ ਧਾਰਮਿਕ ਵਿਸ਼ਵਾਸਾਂ ਨੂੰ ਮੰਨਣ ਦੀ ਅਜ਼ਾਦੀ ਦਿੱਤੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ। ਗੁਰੂ ਸਾਹਿਬ ਪੂਰੀ ਕਾਇਨਾਤ ਦੇ ਰਚਣਹਾਰ ਤੇ ਸ੍ਰਿਸ਼ਟੀ ਦੇ ਮਾਲਕ ਹਨ ਨਾ ਕਿ ਕਿਸੇ ਖਾਸ ਧਰਮ, ਦੇਸ਼ ਅਤੇ ਕਿੱਤੇ ਦੇ ਰਹਿਬਰ। ਗੁਰੂ ਸਾਹਿਬ ਦੇ ਫਲਸਫ਼ੇ ਕਿਸੇ ਧਰਮ, ਦੇਸ਼, ਕਿੱਤੇ, ਇਲਾਕੇ ਦੀਆਂ ਬੰਦਿਸ਼ਾਂ ਦੇ ਮੋਹਤਾਜ ਨਹੀਂ, ਕਿਉਂਕਿ ਗੁਰੂ ਸਹਿਬਾਨ ਦੇ ਉਪਦੇਸ਼ ਸਮੁੱਚੀ ਮਾਨਵਤਾ ਲਈ ਸੀ, ਹੈ ਅਤੇ ਰਹਿਣਗੇ।
ਗੁਰੂ ਸਾਹਿਬ ਨੇ ਜਿਸ ਬਹਾਦਰੀ ਨਾਲ ਜ਼ੁਲਮ ਦੀ ਤੇਗ ਅੱਗੇ ਸੀਸ ਦੀ ਭੇਟਾ ਕਰ ਕੇ ਪਰਾਈ ਕੌਮ ਪਰਾਏ ਧਰਮ ਲਈ ਆਪਾ ਤਿਆਗ ਦਿੱਤਾ, ਆਪਾ ਕੁਰਬਾਨ ਕਰ ਦਿੱਤਾ, ਆਪਣੇ ਨਾਵਾਂ ਤਿਆਗ ਮੱਲ ਅਤੇ ਤੇਗ ਬਹਾਦਰ ਨੂੰ ਅਰਥਪੂਰਨ ਕਰ ਦਿੱਤਾ, ਉੱਥੇ ਹੀ ਪੂਰੇ ਸੰਸਾਰ ਨੂੰ ਇਹ ਵੀ ਚਾਨਣਾ ਪਾ ਦਿੱਤਾ ਕਿ ਆਪ ਆਪਣੇ ਬਚਨਾਂ ਦੇ ਪੂਰੇ ਆਪਣੀ ਕਥਨੀ ਤੇ ਕਰਨੀ ਦੇ ਮਾਲਕ ਸੀ।
ਇਸਦੇ ਨਾਲ ਹੀ ਆਪ ਜੀ ਦੀ ਸ਼ਹਾਦਤ ਨੇ ਸਬਰ, ਸਿਦਕ ਸਿਰੜ ਤੇ ਸੰਜਮ ਵਰਗੇ ਸ਼ਬਦਾਂ ਨੂੰ ਵੀ ਸੰਪੂਰਨ ਕਰ ਦਿੱਤਾ।
ਜਬਰ ਜੁਲਮ ਨਾਲ ਤੜਫਦੇ ਹਿੰਦ ਦੇ ਦੀਨ ਦੁਖੀਆਂ ਨੂੰ ਆਪਣੇ ਸੀਸ ਦੀ ਓਟ ਦੇ ਕੇ , ਆਪਣੀ ਬੁੱਕਲ ਦੀ ਠੰਢੜੀ ਛਾਂ ਦੇ ਕੇ ਆਪਣੇ ਨੇ ਪੂਰਨ ਕਰ ਦਿੱਤਾ ਕਿ ਐਵੇਂ ਹੀ ਆਪ ਜੀ ਨੂੰ ਹਿੰਦ ਦੀ ਚਾਦਰ ਨਹੀਂ ਕਿਹਾ ਜਾਂਦਾ।
ਹਉ ਬਲਿਹਾਰੀ ਸਤਿਗੁਰ ਪੂਰੇ ॥
ਸਰਣਿ ਕੀ ਦਾਤਿ ਬਚਨ ਕੇ ਸੂਰੇ ॥
ਧੰਨ ਧੰਨ ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ।

## ਆਨੰਦਪੁਰ ਬਨਾਮ ਦਿੱਲੀ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਸ਼ੇਰ ਸਿੰਘ ਕੰਵਲ USA

ਦਿੱਲੀ ਦੇ ਦਿਲ 'ਚ ਖੜਕੀ ਹੈ—
ਆਨੰਦਪੁਰ ਬਹੁਤ ਅੱਥਰਾ ਹੈ
ਇਹਦੇ ਗੁਸਤਾਖ਼ ਬੋਲਾਂ ਨੇ
ਤਖ਼ਤ ਦਾ ਚੈਨ ਖੋਇਆ ਹੈ।

ਮੁਲਕ ਤਾਂ ਘੂਕ ਸੁੱਤਾ ਸੀ
ਹਨੇਰੀ ਰਾਤ ਦੇ ਵਾਂਗੂੰ ।
ਸ਼ਾਹੀ ਫ਼ੁਰਮਾਨ ਸੁਣਦਾ ਸੀ
ਇਲਾਹੀ ਬਾਤ ਦੇ ਵਾਂਗੂੰ:—

"ਦਿੱਲੀ ਦੇ ਤਖਤ ਦੇ ਬਾਝੋਂ,
ਕਿਸੇ ਸਿਰ ਤਾਜ ਨਾ ਹੋਵੇ।
ਜੇ ਆਲਮਗੀਰ ਨਹੀਂ ਦੂਜਾ
ਤਾਂ ਦੂਜਾ ਰਾਜ ਨਾ ਹੋਵੇ।
ਰਾਗ ਨੂੰ ਦਫ਼ਨ ਕਰ ਦੇਵੋ,
ਕਿਤੇ ਕੋਈ ਸਾਜ਼ ਨਾ ਹੋਵੇ।
ਧਰਮ ਇਸਲਾਮ ਹੈ ਇੱਕੋ,
ਦੂਜੀ ਆਵਾਜ਼ ਨਾ ਹੋਵੇ।
ਇਹ ਸਾਰੀ ਖਲਕ ਹੈ ਉਸਦੀ
ਖ਼ੁਦਾ ਦਾ ਮੁਲਕ ਇਹ ਸਮਝੋ।
ਜੀਹਦੇ ਤੇ ਕਰਮ ਹੈ ਉਸਦਾ,
ਉਸੇ ਨੂੰ ਹੀ ਮਲਕ ਸਮਝੋ।"

ਸ਼ਾਹੀ ਫ਼ੁਰਮਾਨ ਦੇ ਸਾਹਵੇਂ
ਮੁਲਕ ਜੇ ਸਿਰ ਝੁਕਾਉਂਦਾ ਹੈ।
ਆਨੰਦਪੁਰ ਕੌਣ ਹੁੰਦਾ ਹੈ,
ਜੋ ਇਸ ਤੋਂ ਹਿਚਕਚਾਉਂਦਾ ਹੈ ?

ਜਾਵੋ ਪੈਗਾਮ ਦੇ ਦੇਵੋ
ਦਿੱਲੀ ਦਾ ਤਾਜ ਕਹਿੰਦਾ ਹੈ:—
"ਅਜੇ ਵੀ ਸਮਝ ਜਾ ਕਾਫ਼ਿਰ
ਇਹ ਸੌਦਾ ਬਹੁਤ ਮਹਿੰਗਾ ਹੈ!
ਤੂੰ ਦਿੱਲੀ ਤਖ਼ਤ ਹੱਥ ਵਿਚਲੀ
ਅਜੇ ਤਲਵਾਰ ਨਹੀਂ ਦੇਖੀ ।
ਉਹ ਕਰੜੇ ਹੱਥ ਨਹੀਂ ਦੇਖੇ
ਤੇ ਕਰੜੀ ਮਾਰ ਨਹੀਂ ਦੇਖੀ ।
ਆਨੰਦਪੁਰ ਬਹੁਤ ਬੱਚਾ ਹੈਂ !
ਤੂੰ ਉਮਰੋਂ ਬਹੁਤ ਕੱਚਾ ਹੈਂ !!
ਤਦੇ ਹੀ ਤੇਜ—ਤੱਤਾ ਹੈਂ
ਤੇ ਏਨਾ ਮਾਣਾ—ਮੱਤਾ ਹੈਂ !!!"

ਸ਼ਾਹੀ ਫੁਰਮਾਨ ਨੂੰ ਸੁਣਕੇ
ਆਨੰਦਪੁਰ ਬਹੁਤ ਹੱਸਦਾ ਹੈ।
ਹਰਫ਼ ਦਾ ਨਾਗ਼ ਬਣ ਖ਼ਤ ਦਾ
ਉਹਨੂੰ ਪਰ ਬਹੁਤ ਡੱਸਦਾ ਹੈ।

ਇਵੇਂ ਹੀ ਵਕਤ ਤੁਰਦਾ ਹੈ!
ਦਿੱਲੀ ਦਾ ਤਖ਼ਤ ਤੁਰਦਾ ਹੈ !!
ਮੁਲਕ ਦਾ ਦਰਦ ਤੁਰਦਾ ਹੈ !!!

ਆਨੰਦਪੁਰ ਨਗਰ ਹੈ ਕੈਸਾ
ਜਿੱਥੇ ਹਰ ਰੋਜ਼ ਰਾਤਾਂ ਨੂੰ
ਪੁਨਮ ਦਾ ਚੰਨ ਚੜ੍ਹਦਾ ਹੈ !
ਸ਼ਹਿਰ ਦੀ ਕੁੱਖ ਦੇ ਅੰਦਰ
ਸੂਰਜ ਇੱਕ ਤੇਜ਼ ਤੇ ਤੱਤਾ
ਕਿਰਨਾਂ ਦੇ ਬਾਣ ਘੜਦਾ ਹੈ !!

ਤੂਫ਼ਾਨੀ ਰਾਤ ਹੈ ਕਾਲੀ
ਨਿਤਾਣੇ ਰੁੱਖ ਡਰਦੇ ਨੇ ।
ਬੜਾ ਹੀ ਕਸ਼ਟ ਜਰਦੇ ਨੇ !
ਬੜਾ ਹੀ ਰੁਦਨ ਕਰਦੇ ਨੇ !!

ਦਿੱਲੀ ਦਾ ਦਿਲ ਦਰਿੰਦਾ ਹੈ
ਦਿੱਲੀ ਦਾ ਤਖ਼ਤ ਜ਼ਾਲਮ ਹੈ
ਬੜਾ ਹੀ ਸਿਤਮ ਢਾਂਦਾ ਹੈ।
ਸਵਾ ਮਣ ਮਹਿਕ ਸੁੱਚੀ ਨੂੰ
ਸਿਤਮਗਰ ਕਤਲ ਕਰਦਾ ਹੈ
ਤੇ ਰੋਟੀ ਫੇਰ ਖਾਂਦਾ ਹੈ।

ਹਨੇਰਾ ਸ਼ੂਕਦਾ ਜੰਗਲ
ਅਮੌਤੀ ਮੌਤ ਵਰਦਾ ਹੈ।
ਚਾਨਣ ਦੀ ਕਿਰਨ ਦੇ ਬਾਝੋਂ
ਵਿਚਾਰਾ ਰੋਜ਼ ਮਰਦਾ ਹੈ।

ਤੇ ਫਿਰ ਇਕ ਰੋਜ਼ ਆਉਂਦਾ ਹੈ
ਦਿੱਲੀ ਦੇ ਤਖ਼ਤ ਤੋਂ ਸਤ ਕੇ
ਨਿਤਾਣੇ ਰੁੱਖ ਕੰਬਦੇ ਨੇ ।
ਸੋਚ ਦਾ ਸਫ਼ਰ ਕਰ ਕਰ ਕੇ
ਨਿਕਰਮੇ ਅੰਤ ਹੰਭਦੇ ਨੇ।

ਤੇ ਫਿਰ ਇਕ ਸੋਚ ਦੇ ਅੰਦਰ
ਆਨੰਦਪੁਰ ਸ਼ਹਿਰ ਖੜ੍ਹਦਾ ਹੈ!
ਜਿੱਥੇ ਇੱਕ ਚੰਨ ਪੁਨਮ ਦਾ
ਰਾਤਾਂ ਨੂੰ ਰੋਜ਼ ਚੜ੍ਹਦਾ ਹੈ!
ਸੂਰਜ ਇਕ ਤੇਜ਼ ਤੇ ਤੱਤਾ
ਕਿਰਨਾਂ ਦੇ ਬਾਣ ਘੜਦਾ ਹੈ!!

ਰੁੱਖਾਂ ਦੇ ਸਹਿਮਦੇ ਸਾਏ
ਆਨੰਦਪੁਰ ਫੇਰ ਆਉਂਦੇ ਨੇ।
ਪੂਨਮ ਦੇ ਚੰਨ ਦੇ ਸਾਹਵੇਂ
ਉਹ ਆਪਣੀ ਬਾਤ ਪਾਉਂਦੇ ਨੇ।
ਹੰਝੂਆਂ ਦੇ ਹੜ੍ਹ 'ਚ ਹੜ੍ਹਦੇ ਉਹ
ਬੜਾ ਹੀ ਤਿਲਮਿਲਾਉਂਦੇ ਨੇ।
ਜ਼ਖ਼ਮਾਂ ਦੀ ਪੀੜ ਨੂੰ ਦੱਸਦੇ
ਕਿੰਨਾ ਹੀ ਸਟਪਟਾਉਂਦੇ ਨੇ!!!

ਰੁੱਖਾਂ ਦੀ ਬਾਤ ਸੁਣਕੇ ਚੰਨ ਕੋਈ ਸੋਚ ਘੜਦਾ ਹੈ।
ਏਨੇ ਵਿੱਚ ਸੂਹਲ ਸੂਰਜ ਵੀ
ਉਹਦੇ ਆ ਕੋਲ ਖੜਦਾ ਹੈ।
ਜਦੋਂ ਉਹ ਬਾਲ ਸੂਰਜ ਨੂੰ
ਦਸਦਾ ਹੈ ਦਾਸਤਾਂ ਸਾਰੀ।
(ਕਿ) ਪੀੜ ਇਹ ਦੂਰ ਕਰਦੇਗਾ
ਕੋਈ ਵੀ ਪਾਸਬਾਂ ਸਾਰੀ।

ਸੂਰਜ ਦੀ ਜੀਭ ਨਿੱਕੀ ਤੋਂ
ਵੱਡੇ ਤਦ ਬੋਲ ਸੁਣਦੇ ਨੇ।
ਸੂਰਜ ਚੰਨ ਬੈਠ ਕੇ ਦੋਵੇਂ
ਮੁਲਕ ਦੀ ਪੀੜ ਪੁਣਦੇ ਨੇ।

ਫੇਰ ਜਦ ਚੰਦ ਸੂਰਜ ਦੇ
ਨਿੱਕੇ ਜਿਹੇ ਸੂਹਲ ਮੱਥੇ ਤੇ
ਚੁੰਮਣ ਦਾ ਫੁੱਲ ਧਰਦਾ ਹੈ।
ਅਲਵਿਦਾ ਆਖ ਕੇ ਉਸਨੂੰ
ਜੰਗਲ ਦਾ ਸਫ਼ਰ ਕਰਦਾ ਹੈ।
ਰੁੱਖਾਂ ਦੇ ਪਾਸ ਜਾ ਜਾ ਕੇ
ਜਦੋਂ ਉਹ ਬਾਤ ਪਾਂਦਾ ਹੈ।
ਚਾਨਣ ਦੇ ਬੀਜ ਬੋਂਦਾ ਹੈ
ਕਿਰਨਾਂ ਦਾ ਮੀਂਹ ਵਰ੍ਹਾਂਦਾ ਹੈ।

ਦਿੱਲੀ ਦਾ ਤਖ਼ਤ ਵਾਕਿਫ਼ ਹੈ
ਤੇ ਜ਼ਾਲਮ ਬਹੁਤ ਸੜਦਾ ਹੈ।
ਚੰਨ ਦੀ ਗੱਲ ਨੂੰ ਸੁਣ ਕੇ
ਉਹਨੂੰ ਕੋਈ ਨਾਗ ਲੜਦਾ ਹੈ!
ਅਤੇ ਕੋਈ ਤਾਪ ਚੜ੍ਹਦਾ ਹੈ!!

ਤਖ਼ਤ ਦੇ ਹੁਕਮ ਦੇ ਬੱਧੇ
ਤਖ਼ਤ ਦੇ ਪਾਲਤੂ ਕੁੱਤੇ
ਉਹਦੀ ਹਰ ਪੈੜ ਸੁੰਘਦੇ ਨੇ।
ਉਹਦੇ ਹਰ ਬੋਲ ਨੂੰ ਚੁਣ ਕੇ
ਤਾਜ ਦੇ ਕੰਨ ਟੁੰਗਦੇ ਨੇ।
ਚੰਨ ਦੇ ਬੋਲ ਨੂੰ ਸੁਣ ਕੇ
ਤਖ਼ਤ ਦਾ ਦਿਲ ਦਹਿਲਦਾ ਹੈ!
ਤਖ਼ਤ ਬੇਚੈਨ ਟਹਿਲਦਾ ਹੈ!!

ਉਹਦੀ ਅੱਖ ਨੀਂਦ ਤੋਂ ਊਣੀ
ਹਨੇਰਾ ਝਾਗਦੀ ਰਹਿੰਦੀ।
ਚੰਨ ਦੇ ਸੁਪਨ ਤੋਂ ਡਰਦੀ
ਰਾਤਾਂ ਨੂੰ ਜਾਗਦੀ ਰਹਿੰਦੀ ।
ਕਦੇ ਪਰ ਜਾਗਦੇ ਉਸਨੂੰ
ਖ਼ੌਫ਼ ਦਾ ਖ਼ਾਬ ਆਉਂਦਾ ਹੈ।
ਜੀਹਦੇ ਵਿੱਚ ਚੰਨ ਪੁਨਮ ਦਾ
ਗਗਨ ਵਿੱਚ ਪੈਲ ਪਾਉਂਦਾ ਹੈ।
ਜੀਹਦੇ ਵਿੱਚ ਜੂਝਦਾ ਚਾਨਣ
ਹਨੇਰਾ ਕਤਲ ਕਰਦਾ ਹੈ।
ਦਿੱਲੀ ਦੇ ਤਖ਼ਤ ਦਾ ਸਾਇਆ
ਜੀਹਦੇ ਵਿੱਚ ਰੋਜ਼ ਮਰਦਾ ਹੈ।
ਤਖ਼ਤ ਇਸ ਖ਼ਾਬ ਨੂੰ ਤੱਕ ਕੇ
ਜਾਣੀਦੀ ਬਹੁਤ ਡਰਦਾ ਹੈ।
ਜੀਂਦੇ—ਜੀਅ ਤਾਜ ਹੈ ਕਿਹੜਾ
ਜੁ ਆਪਣੀ ਮੌਤ ਵਰਦਾ ਹੈ ?
ਗੁੱਸੇ ਵਿੱਚ ਤਖ਼ਤ ਕੰਬਦਾ ਤਦ
ਅੱਖਾਂ ਵਿੱਚ ਰੱਤ ਭਰਦਾ ਹੈ।
"ਚੰਨ ਨੂੰ ਪਕੜ ਲੈ ਆਵੋ"
ਤਖ਼ਤ ਇਹ ਹੁਕਮ ਕਰਦਾ ਹੈ।

ਇਵੇਂ ਫਿਰ ਬਾਤ ਚਲਦੀ ਹੈ!
ਇਹ ਕਾਲੀ ਰਾਤ ਚਲਦੀ ਹੈ !!
ਜੰਗਲ ਵਿੱਚ ਚੰਨ ਦੇ ਮੱਥੇ
ਕੋਈ ਪ੍ਰਭਾਤ ਪਲਦੀ ਹੈ!!
ਤਖ਼ਤ ਦੇ ਹੁਕਮ ਦੇ ਬੱਧੇ
ਤਖ਼ਤ ਦੇ ਪਾਲਤੂ ਕੁੱਤੇ
ਕਿਸੇ ਇਕ ਸ਼ਹਿਰ ਦੇ ਅੰਦਰ
ਉਹ ਚੰਨ ਨੂੰ ਘੇਰ ਖੜਦੇ ਹਨ।
ਜਿੱਥੇ ਚੰਨ ਨਾਲ ਕੁਝ ਤਾਰੇ
ਗਗਨ ਵਿੱਚ ਰੋਜ਼ ਚੜ੍ਹਦੇ ਹਨ।
ਉਹ ਸਾਰੇ ਚੰਨ ਤੇ ਤਾਰੇ
ਇਸੇ ਥਾਂ ਪਕੜ ਨੇ ਲੈਂਦੇ।
ਜੰਜ਼ੀਰੀਂ ਜਕੜ ਨੇ ਲੈਂਦੇ।

ਤੇ ਫ਼ਿਰ ਇਕ ਰੋਜ਼ ਜ਼ਾਲਮ ਨੂੰ
ਤਖ਼ਤ ਦਰਬਾਰ ਲਾਉਂਦਾ ਹੈ।
ਭਰੇ ਦਰਬਾਰ ਦੇ ਅੰਦਰ
ਪੂਨਮ ਦੇ ਚੰਨ ਦੇ ਸਾਹਵੇਂ
ਉਹ ਆਪਣੀ ਬਾਤ ਪਾਉਂਦਾ ਹੈ:—
"ਚੰਨ ਤੂੰ ਬਹੁਤ ਚੰਗਾ ਹੈਂ
ਤੇਰਾ ਸਤਿਕਾਰ ਕਰਦਾ ਹਾਂ।
ਤੈਨੂੰ ਇਤਬਾਰ ਨਹੀਂ ਆਉਣਾ
ਮੈਂ ਤੈਨੂੰ ਪਿਆਰ ਕਰਦਾ ਹਾਂ।
ਪ੍ਰਸ਼ਨ ਪਰ ਇਕ ਇਹ ਕੇਹਾ
ਮੇਰੇ ਮਨ ਰੋਜ਼ ਰਹਿੰਦਾ ਹੈ।
ਖ਼ੁਦਾ ਨੂੰ ਇਕ ਤੂੰ ਆਖੇਂ
ਇਹੀਓ ਇਸਲਾਮ ਕਹਿੰਦਾ ਹੈ।
ਭਲਾ ਇਸਲਾਮ ਤੋਂ ਵੱਖਰੀ
ਫੇਰ ਤੂੰ ਗੱਲ ਕਿਉਂ ਕਰਦੈਂ ?
ਨਿਗੂਣੀ ਗੱਲ ਦੇ ਪਿੱਛੇ
ਤੂੰ ਏਨਾ ਕਸ਼ਟ ਕਿਉਂ ਜਰਦੈਂ ?
ਕਿਉਂ ਮੇਰੀ ਦੁਸ਼ਮਣੀ ਵਰਦੈਂ
ਅਮੌਤੀ ਮੌਤ ਕਿਉਂ ਮਰਦੈਂ ?
ਆ ਜਾ ਇਸਲਾਮ ਦੇ ਅੰਦਰ
ਇਹ ਸਾਰਾ ਕੁਫ਼ਰ ਤੂੰ ਤਜ ਦੇ ।
ਕ੍ਰਿਸ਼ਮਾ ਜਾਂ ਵਿਖਾ ਕੋਈ
ਜਾਂ ਅੱਜ ਤੋਂ ਜ਼ਿੰਦਗੀ ਛੱਡ ਦੇ।"

ਤਖ਼ਤ ਦੇ ਪ੍ਰਸ਼ਨ ਨੂੰ ਸੁਣਕੇ
ਚੰਨ ਫਿਰ ਮੁਸਕਰਾਉਂਦਾ ਹੈ।
"ਤੂੰ ਸਿਰ ਨੂੰ ਹੀ ਕਲਮ ਕਰ ਲੈ"
ਚੰਨ ਫਿਰ ਕਹਿ ਸੁਣਾਉਂਦਾ ਹੈ।
ਚੰਨ ਦਾ ਬੋਲ ਸੁਣਦੇ ਹੀ
ਤਖ਼ਤ ਦੀ ਅੱਖ ਮੱਘਦੀ ਹੈ।
ਨਫ਼ਰਤ ਦਾ ਨਾਗ ਲੜ ਉਸਨੂੰ,
ਜਾਣੀਂ ਕੋਈ ਅੱਗ ਲੱਗਦੀ ਹੈ।
ਤਾਜ ਫਿਰ ਜ਼ਹਿਰ ਦੇ ਪਿੰਜਰੇ
ਚੰਨ ਨੂੰ ਬੰਦ ਹੈ ਕਰਦਾ।
ਤੇ ਇਸ ਵਿੰਚ ਚੰਨ ਇਹ ਸੋਹਣਾ
ਬੜਾ ਹੀ ਕਸ਼ਟ ਹੈ ਜਰਦਾ।
ਚੰਨ ਦੇ ਨਾਲ ਦੇ ਤਾਰੇ
ਤਖ਼ਤ ਜਾਂ ਜ਼ਬਰ ਜਰਦੇ ਨੇ।
ਉਹ ਉਸਦੀ ਅੱਖ ਦੇ ਸਾਹਵੇਂ ਮੌਤ ਨਾਲ ਜੂਝ ਮਰਦੇ ਨੇ!
ਤੇ ਉਸਦਾ ਸ਼ੁਕਰ ਕਰਦੇ ਨੇ !!

ਤੇ ਫਿਰ ਉਹ ਰੋਜ਼ ਆਉਂਦਾ ਹੈ
ਜਦੋਂ ਇਕ ਚੌਂਕ ਦੇ ਅੰਦਰ
ਚੰਨ ਦਾ ਫੁੱਲ ਖਿੜਦਾ ਹੈ!
ਜ਼ਬਰ ਤੇ ਸਬਰ ਦਾ ਮੱਘਦਾ
ਜਦੋਂ ਇੱਕ ਯੁੱਧ ਛਿੜਦਾ ਹੈ!!
ਦਿੱਲੀ ਦੇ ਸ਼ਹਿਰ ਸੰਗ ਸਿੱਧਾ
ਆਨੰਦਪੁਰ ਸ਼ਹਿਰ ਭਿੜਦਾ ਹੈ!!!

ਤਖ਼ਤ ਦੇ ਹੁਕਮ ਦੇ ਬੱਧੇ
ਜ਼ਾਲਮ ਜੱਲਾਦ ਦੇ ਹੱਥੋਂ
ਜਦੋਂ ਤਲਵਾਰ ਵਰ੍ਹਦੀ ਹੈ।
ਸੁਨਹਿਰੀ ਚੰਨ ਦੇ ਟੁਕੜੇ
ਉਹ ਚੰਦਰੀ ਕਰ ਗੁਜ਼ਰਦੀ ਹੈ।

ਚਾਂਦਨੀ ਚੌਂਕ ਦੇ ਅੰਦਰ
ਚੰਨ ਦੇ ਸੂਹਲ ਪਿੰਡੇ ਦਾ
ਖ਼ੂਨ ਜੇ ਡੁੱਲ੍ਹ ਸਕਦਾ ਹੈ।
ਤਾਂ ਕੋਈ ਇਤਿਹਾਸ ਦਾ ਵਰਕਾ
ਸ਼ਹਾਦਤ ਦੀ ਕਹਾਣੀ ਨੂੰ
ਭਲਾ ਕਿੰਝ ਭੁੱਲ ਸਕਦਾ ਹੈ ?

ਕਹਿਰ ਦੀ ਰਾਤ ਕਾਲੀ ਵਿੱਚ
ਜਦੋਂ ਇਹ ਕਹਿਰ ਟੁੱਟਦਾ ਹੈ।
ਤਦੋਂ ਅਸਮਾਨ ਦੇ ਵਿੱਚੋਂ
ਕੋਈ ਤੂਫ਼ਾਨ ਛੁੱਟਦਾ ਹੈ।
ਕਹਿਰ—ਤੂਫ਼ਾਨ ਵਿੱਚ ਡੁੱਬਾ
ਦਿੱਲੀ ਦਾ ਸ਼ਹਿਰ ਡਰਦਾ ਹੈ।
ਤਾਰਾ ਇਕ ਚੰਨ ਦਾ ਪਿਆਰਾ
ਚੁੱਕ ਇਕ ਚੰਨ—ਟੁਕੜੇ ਨੂੰ
ਫਿਰ ਆਪਣੇ ਘਰ*ਚ ਧਰਦਾ ਹੈ।
ਹੱਥੀਂ ਘਰ ਫੂਕ ਕੇ ਆਪਣਾ
ਉਹਦਾ ਸਸਕਾਰ ਕਰਦਾ ਹੈ।

ਤਾਰਾ ਇਕ ਹੋਰ ਐਸਾ ਹੀ
ਰਹਿੰਦੇ ਚੁੱਕ ਚੰਨ—ਟੁਕੜੇ ਨੂੰ
ਆਨੰਦਪੁਰ ਪਹੁੰਚ ਜਾਂਦਾ ਹੈ।
ਅੱਖਾਂ ਵਿੱਚ ਹੰਝੂ ਭਰ ਕੇ ਉਹ
ਸਾਰੀ ਹੀ ਦਾਸਤਾਂ ਬੀਤੀ
ਸੂਰਜ ਦੀ ਝੋਲ ਪਾਂਦਾ ਹੈ।

ਆਨੰਦਪੁਰ ਸ਼ਹਿਰ ਦੇ ਅੱਖੀਂ
ਬੜਾ ਹੀ ਮੋਹ ਉਮਡਦਾ ਹੈ
ਤੇ ਅੱਥਰੂ ਟਪਕ ਪੈਂਦੇ ਨੇ।
ਆਨੰਦਪੁਰ ਸ਼ਹਿਰ ਦੇ ਮੱਥੇ,
ਬੜਾ ਹੀ ਰੋਹ ਉਮੱਡਦਾ ਹੈ
ਅੰਗਾਰੇ ਭਬਕ ਪੈਂਦੇ ਨੇ।

ਤੇ ਫਿਰ ਇਤਿਹਾਸ ਤੁਰਦਾ ਹੈ!
ਵਕਤ ਦਾ ਮੋੜ ਮੁੜਦਾ ਹੈ!!
ਤੇ ਜਦ ਇਸ ਸ਼ਹਿਰ ਦਾ ਵਾਰਸ
ਸੂਰਜ ਉਹ ਤੇਜ਼ ਤੇ ਤੱਤਾ
ਅੱਗ ਦਾ ਗੀਤ ਗਾਂਦਾ ਹੈ।
ਦਿੱਲੀ ਵੱਲ ਮੂੰਹ ਕਰਕੇ ਤੇ
ਉਹ ਆਪਣੀ ਤੇਗ਼ ਚੁੰਮਦਾ ਹੈ
ਅਤੇ ਇਕ ਕਸਮ ਖਾਂਦਾ ਹੈ:—
"ਆਨੰਦਪੁਰ ਜਾਗਦਾ ਦਿੱਲੀਏ
ਆਨੰਦਪੁਰ ਜਾਗਦੇ ਰਹਿਣਾ!
ਜ਼ੁਲਮ ਨੂੰ ਮਾਰਦਾ ਦਿੱਲੀਏ
ਜ਼ੁਲਮ ਇਸ ਮਾਰਦੇ ਰਹਿਣਾ !!
ਨੀਚ ਸਤਿਕਾਰਦਾ ਦਿੱਲੀਏ
ਇਹਨੇ ਸਤਿਕਾਰਦੇ ਰਹਿਣਾ !!!
ਸੱਚ ਲਈ ਵਾਰਦਾ ਜਿੰਦੜੀ,
ਇਹਨੇ ਸਦ ਵਾਰਦੇ ਰਹਿਣਾ !!!!"

"ਦਿੱਲੀਏ ਜ਼ੁਲਮ ਦੇ ਕਿੰਗਰੇ
ਆਨੰਦਪੁਰ ਤੋੜਦਾ ਰਹਿਸੀ !
ਜ਼ੁਲਮ ਦੀ ਧਾਰ ਨੂੰ ਦਿੱਲੀਏ,
ਆਨੰਦਪੁਰ ਮੋੜਦਾ ਰਹਿਸੀ !!